# ਉਠਾਏ ਜਾਣ ਦੀ ਕਿਰਪਾ – ਉਠਾਏ ਜਾਣ ਦਾ ਵਿਸ਼ਵਾਸ

## RAPTURING GRACE- RAPTURING FAITH

*1 ਪਤਰਸ 1:13, "ਇਸ ਲਈ ਤੁਸੀਂ ਆਪਣੀ ਬੁੱਧ ਦਾ ਲੱਕ ਬੰਨ੍ਹ ਕੇ ਸੁਚੇਤ ਰਹੋ ਅਤੇ ਉਸ ਕਿਰਪਾ ਦੀ ਪੂਰੀ ਆਸ ਰੱਖੋ ਜਿਹੜੀ ਯਿਸੂ ਮਸੀਹ ਦੇ ਪਰਕਾਸ਼ ਹੋਣ ਦੇ ਸਮੇਂ ਤੁਹਾਡੇ ਉੱਤੇ ਹੋਣ ਵਾਲੀ ਹੈ।"*

ਇਹੋ ਹੀ ਕਾਰਨ ਹੈ ਕਿ ਮੈਂ ਯਕੀਨ ਕਰਦਾ ਹਾਂ ਕਿ ਜਿਸ ਵੇਲੇ ਚੁਣੀ ਹੋਈ ਅਤੇ ਜੀਵਨ ਦੀ ਪੋਥੀ ਵਿੱਚ ਲਿਖੀ ਹੋਈ ਦੁਲਹਨ ਨੂੰ ਸੱਦ ਲਿਆ ਜਾਵੇਗਾ, **ਤਾਂ ਉਸ ਵੇਲੇ ਸੁਰਗ ਤੋਂ ਇੱਕ ਅਜੇਹੀ ਆਵਾਜ਼ ਆਵੇਗੀ ਜਿਹੜੀ ਕਿ ਦੁਲਹਨ ਵਿੱਚ ਪਵਿੱਤਰ ਆਤਮਾ ਦਾ ਬਪਤਿਸਮਾ ਲਿਆਵੇਗੀ। ਇਹ ਬਪਤਿਸਮਾ ਉਸ ਨੂੰ ਇਸ ਜ਼ਮੀਨ ਤੋਂ ਚੁੱਕ ਕੇ ਉਠਾਏ ਜਾਣ ਵਾਲੀ ਕਿਰਪਾ ਵਿੱਚ ਲੈ ਜਾਵੇਗਾ।** ਪ੍ਰਮੇਸ਼ੁਰ ਨੇ ਇਸ ਦਾ ਇਕਰਾਰ ਕੀਤਾ ਹੈ।

ਮੈਨੂੰ ਇਸ ਦੀ ਕੋਈ ਪ੍ਰਵਾਹ ਨਹੀਂ ਕਿ ਉਨ੍ਹਾਂ ਨੇ ਚਾਹੇ ਕਿੰਨੇ ਵਿਗਿਆਨੀਆਂ ਜਾਂ ਕਿੰਨੇ ਪੁਲਾੜ ਯਾਤਰੀਆਂ ਨੂੰ ਲਿਖਤੀ ਸਮਝੌਤੇ ਰਾਹੀਂ ਨਾਲ ਜੋੜਿਆ ਹੈ, ਅਤੇ ਹੋਰ ਕਿੰਨਾ ਕੁਝ, ਅਤੇ ਉਹ ਚਾਹੇ ਕਿੰਨੇ ਵੀ ਅਰਬਾਂ–ਖ਼ਰਬਾਂ ਮੀਲਾਂ ਤੱਕ ਦੇਖ ਸਕਣ; ਮੈਂ ਇਨ੍ਹਾਂ ਗੱਲਾਂ ਦੀ ਬਿਲਕੁੱਲ ਵੀ ਪ੍ਰਵਾਹ ਨਹੀਂ ਕਰਦਾ ਹਾਂ। **ਇੱਕ ਸੁਰਗ ਹੈ, ਅਤੇ ਉੱਥੇ ਅਸਲ ਵਿੱਚ ਯਿਸੂ ਮਸੀਹ ਹੈ, ਅਤੇ ਉਹ ਸਰੀਰਿਕ ਰੂਪ ਵਿੱਚ ਆਪਣੀ ਕਲੀਸਿਯਾ ਅਤੇ ਆਪਣੀ ਦੁਲਹਨ ਨੂੰ ਲੈਣ ਲਈ ਆਵੇਗਾ!** (1ਥੱਸਲੁਨੀਕੀਆਂ 4:16–17)। ਚਾਹੇ ਇਹ ਕਹਾਣੀ ਕਿੰਨੀ ਵੀ ਪੁਰਾਣੀ ਕਿਉਂ ਨਾ ਲੱਗਦੀ ਹੋਵੇ, ਇਹ ਹਾਲੇ ਵੀ ਸੱਚ ਹੈ; ਪ੍ਰਮੇਸ਼ੁਰ ਨੇ ਇਸ ਤਰ੍ਹਾਂ ਕਿਹਾ ਹੈ। ਇਹੀ ਉਹ ਹੈ ਜਿਸ ਦਾ ਵਿਸ਼ਵਾਸੀ ਵਿਸ਼ਵਾਸ ਕਰਦੇ ਹਨ। [1]

ਮੈਂ ਸਚਮੁੱਚ ਵਿਸ਼ਵਾਸ ਕਰਦਾ ਹਾਂ, **ਇਸ ਤੋਂ ਪਹਿਲਾਂ ਕਿ ਕਲੀਸਿਯਾ ਦਾ ਉਠਾਇਆ ਜਾਣਾ ਹੋਵੇ, ਉਸ ਕੋਲ ਉਠਾਏ ਜਾਣ ਦਾ ਵਿਸ਼ਵਾਸ ਹੋਣਾ ਜ਼ਰੂਰੀ ਹੋਵੇਗਾ।** ਸੁਰਗ ਤੇ ਉਠਾਏ ਜਾਣ ਦੇ ਵਿਸ਼ਵਾਸ ਦੀ ਗੱਲ ਛੱਡੋ, ਸਾਡੇ ਕੋਲ ਤਾਂ ਰੱਬੀ ਚੰਗਾਈ ਦੇ ਲਈ ਵੀ ਵਿਸ਼ਵਾਸ ਨਹੀਂ ਹੈ। **ਸੁਰਗ ਤੇ ਉਠਾਏ ਜਾਣ ਦੇ ਲਈ ਸਾਡੇ ਕੋਲ ਇਸ ਤਰ੍ਹਾਂ ਦਾ ਵਿਸ਼ਵਾਸ ਹੋਣਾ ਜ਼ਰੂਰੀ ਹੈ, ਜਿਹੜਾ ਕਿ ਇਸ ਦੇਹ ਨੂੰ ਬਦਲ ਦੇਵੇ ਅਤੇ ਜੀਵਿਤ ਕਰ ਦੇਵੇ ਅਤੇ ਇਹ ਦੇਹ ਲੈ ਲਈ ਜਾਵੇ** (1ਕੁਰਿੰਥੀਆਂ 15:51–54)। ਮੈਂ ਵਿਸ਼ਵਾਸ ਕਰਦਾ ਹਾਂ ਕਿ ਇੱਕ ਅਜਿਹੀ ਕਲੀਸਿਯਾ ਹੈ ਜੋ ਅੱਜ ਰਾਤ ਆਪਣੇ ਮਾਰਗ ਤੇ ਹੈ, ਅਤੇ ਉਹ ਜੀਵਿਤ ਪ੍ਰਮੇਸ਼ੁਰ ਦੀ ਸਾਮਰਥ ਨਾਲ ਇਸ ਤਰ੍ਹਾਂ ਭਰੀ ਹੋਈ ਹੋਵੇਗੀ, **ਕਿ ਆਦਮੀ ਇੱਧਰ ਅਤੇ ਉੱਧਰ ਵਚਨ ਬੋਲਣਗੇ, ਅਤੇ ਉਹ ਬਿਜਲੀ ਦੀ ਤਰ੍ਹਾਂ ਲਿਸ਼ਕੇਗਾ।** ਅਤੇ ਇੱਕ ਇਸ ਤਰ੍ਹਾਂ ਦੀ ਕਲੀਸਿਯਾ ਬਾਹਰ ਨਿੱਕਲ ਕੇ ਆ ਰਹੀ ਹੈ; ਕੋਈ ਮਨੋਵਿਗਿਆਨੀ ਨਹੀਂ; ਕੋਈ ਇਸ ਤਰ੍ਹਾਂ ਦੀ ਨਹੀਂ ਜਿਸ ਨੂੰ ਉੱਤੇ ਕੁਝ ਪਾ ਦਿੱਤਾ ਗਿਆ ਹੋਵੇ, ਕੋਈ ਢੋਂਗੀ–ਬਨਾਵਟੀ ਵਿਸ਼ਵਾਸ ਨਹੀਂ; **ਪਰ ਇਹ ਤਾਂ ਇੱਕ ਅਸਲੀ ਅਤੇ ਸੱਚੀ, ਪਵਿੱਤਰ ਆਤਮਾ ਦੇ ਮਸਹ ਨਾਲ ਭਰੀ, ਬਾਹਰ ਬੁਲਾਈ ਹੋਈ ਕਲੀਸਿਆ ਹੋਵੇਗੀ।** ਆਮੀਨ! [2]

**ਅਤੇ ਤੁਸੀਂ ਕਲੀਸਿਯਾ ਲਈ ਉਠਾਏ ਜਾਣ ਦੀ ਕਿਰਪਾ ਦੀ ਗੱਲ ਕਰਦੇ ਹੋ, ਇਹ ਤਦ ਆਵੇਗੀ ਜਦ ਅਸੀਂ ਆਪਣੇ ਰੀਤੀ–ਰਿਵਾਜਾਂ ਨੂੰ ਢਾਹ ਸਕਾਂਗੇ, ਆਪਣੀਆਂ ਸਭ ਜੱਥੇਬੰਦੀਆਂ ਦੀਆਂ ਚੀਜ਼ਾਂ ਨੂੰ ਭੁੱਲ ਜਾਵਾਂਗੇ, ਅਤੇ ਠੀਕ ਪ੍ਰਮੇਸ਼ੁਰ ਦੇ ਵਚਨ ਦੇ ਆਧਾਰ ਤੇ ਵਾਪਸ ਆ ਜਾਵਾਂਗੇ।** [3]

ਇਹ ਰਹੀਆਂ ਤੁਹਾਡੀਆਂ ਉਹ **ਚਤਰ ਕੁਆਰੀਆਂ, ਜਿਨ੍ਹਾਂ ਦੇ ਕੋਲ ਮਸਾਲਾਂ ਵਿੱਚ ਤੇਲ ਸੀ, ਜਿਨ੍ਹਾਂ ਕੋਲ ਸੁਰਗ ਤੇ ਉਠਾਏ ਜਾਣ ਵਾਲਾ ਵਿਸ਼ਵਾਸ ਸੀ**, ਜਿਹੜੀਆਂ ਸਾਰੇ ਚਿੰਨ੍ਹਾਂ, ਅਚੰਭਿਆਂ, ਭਵਿੱਖਵਾਣੀਆਂ, ਅਤੇ ਸਭ ਚੀਜ਼ਾਂ ਤੇ ਵਿਸ਼ਵਾਸ ਕਰਦੀਆਂ ਸਨ। ਅਤੇ ਇਹ ਪੰਜ ਹੀ ਬਚੀਆਂ ਹੋਈਆਂ ਹਨ ਜਿਨ੍ਹਾਂ ਨੂੰ ਲੈ ਲਿਆ ਗਿਆ ਸੀ। ਅਤੇ **ਉਹ ਜੋ ਰਹਿ ਗਈਆਂ**

**ਉਹ ਅਜੇ ਵੀ ਕੁਆਰੀਆਂ ਹੀ ਸਨ, ਅਤੇ ਉਹ ਨਾਸ਼ ਨਹੀਂ ਹੋਣਗੀਆਂ, ਪਰ ਉਹ ਕਸ਼ਟਕਾਲ ਦੇ ਵਿੱਚੋਂ ਦੀ ਲੰਘਣਗੀਆਂ।** ਯਿਸੂ ਨੇ ਕਿਹਾ, ਉੱਥੇ ਹੋਵੇਗਾ...( ਮੱਤੀ **25:1–13**)। ਅਤੇ ਉਨ੍ਹਾਂ ਨੇ ਕਿਹਾ, " ਆਪਣੇ ਤੇਲ ਵਿੱਚੋਂ ਕੁਝ ਸਾਨੂੰ ਦਿਓ; ਹੁਣ ਸਾਨੂੰ ਪਵਿੱਤਰ ਆਤਮਾ ਚਾਹੀਦਾ ਹੈ।" [4]

ਅਤੇ ਮੈਂ ਚਾਹੁੰਦਾ ਹਾਂ ਕਿ ਤੁਸੀਂ ਪ੍ਰਮੇਸ਼ੁਰ ਦੇ ਪਵਿੱਤਰ ਵਚਨਾਂ ਵਿੱਚ, ਵਿਸ਼ਵਾਸ ਵਿੱਚ, ਇਸ ਸਮੇਂ ਦੇ ਵਿਸ਼ਵਾਸ ਵਿੱਚ ਦ੍ਰਿੜ ਹੋ ਜਾਓ। **ਵਿਸ਼ਵਾਸ, ਇਸ ਯੁੱਗ ਵਿੱਚ ਬਾਕੀ ਸਾਰੇ ਯੁੱਗਾਂ ਨਾਲੋਂ ਜਿਆਦਾ ਵਿਸ਼ਵਾਸ ਦੀ ਲੋੜ ਹੈ, ਕਿਉਂਕਿ ਇਹ ਉਠਾਏ ਜਾਣ ਦਾ ਵਿਸ਼ਵਾਸ ਹੋਵੇਗਾ, ਉਠਾ ਲਏ ਜਾਣ ਦਾ** (ਯਹੂਦਾ **3**)। [5]

ਹੁਣ, ਮਹਾਨ ਉਪਦੇਸ਼ਕ, ਜਿਵੇਂ ਕਿ ਤੂੰ ਸਾਨੂੰ ਆਪਣੇ ਅਦਭੁੱਤ ਵਚਨ ਵਿੱਚ ਸਿਖਾਇਆ ਹੈ, **ਸਾਡੇ ਹਿਰਦੇ ਉਠਾਏ ਜਾਣ ਵਾਲੀ ਕਿਰਪਾ ਦੇ ਨਾਲ ਥਰਥਰਾ ਰਹੇ ਹਨ, ਇਹ ਜਾਣ ਕੇ ਕਿ ਅਸੀਂ ਮੌਤ ਤੋਂ ਪਾਰ ਲੰਘ ਕੇ ਜੀਉਣ ਵਿੱਚ ਜਾ ਪਹੁੰਚੇ ਹਾਂ** (ਯੂਹੰਨਾ **5:24**)। ਇਹ ਸਭ ਸਾਡੇ ਉਸ ਪ੍ਰਭੂ ਯਿਸੂ ਦੀ ਭਲਿਆਈ ਦੇ ਰਾਹੀਂ ਹੈ, ਜਿਸਨੇ ਸਾਨੂੰ ਬੁਲਾਇਆ ਅਤੇ ਸਾਨੂੰ ਆਪਣੇ ਲਹੂ ਵਿਚ ਧੋਤਾ ਹੈ, ਅਤੇ ਉਸਨੇ ਸਾਨੂੰ ਪ੍ਰਮੇਸ਼ੁਰ ਦੇ ਸਿੰਘਾਸਣ ਅੱਗੇ ਬੇਨੁਕਸ ਅਤੇ ਬੇਦੋਸ਼ ਪੇਸ਼ ਕੀਤਾ ਹੈ। **ਸਾਡੇ ਜ਼ੁੰਮੇ ਕੋਈ ਪਾਪ ਨਹੀਂ ਹੈ ਕਿਉਂਕਿ ਉਸਨੇ ਸਾਡੇ ਪਾਪ ਚੁੱਕ ਲਏ ਹਨ** (ਯੂਹੰਨਾ **1:29**)। ਪ੍ਰਮੇਸ਼ੁਰ ਨੇ ਸਾਡੀ ਸਾਰੀ ਬਦੀ ਆਪਣੇ ਉੱਤੇ ਲੈ ਲਈ, ਅਤੇ ਉਹ ਸਾਡੇ ਅਪਰਾਧਾਂ ਲਈ ਘਾਇਲ ਕੀਤਾ ਗਿਆ (ਯਸਾਯਾਹ **53:4–7**)। ਐਹ, ਅਸੀਂ ਉਸ ਨੂੰ ਕਿਸ ਤਰ੍ਹਾਂ ਪਿਆਰ ਕਰਦੇ ਹਾਂ, ਪ੍ਰਮੇਸ਼ੁਰ ਦਾ ਮਹਾਨ ਲੇਲਾ। [6]

ਜਿਵੇਂ ਕਿ ਅਸੀਂ ਹੁਣ ਜਾਣਦੇ ਹਾਂ, ਜਿਵੇਂ ਥੋੜ੍ਹਾ ਸਮਾਂ ਪਹਿਲਾਂ ਕਿਸੇ ਆਦਮੀ ਨੇ ਮੇਰੇ ਕੋਲੋਂ **ਉਸ ਦੇ ਆਉਣ ਬਾਰੇ ਅਤੇ ਦੁਲਹਨ ਦੇ ਉਠਾਏ ਜਾਣ ਬਾਰੇ ਪੁੱਛਿਆ ਸੀ। ਅਸੀਂ ਜਾਣਦੇ ਹਾਂ ਕਿ ਸਾਡਾ ਸਮਾਂ ਬੀਤ ਚੁੱਕਾ ਹੈ। ਉਠਾਏ ਜਾਣ ਦਾ ਸਮਾਂ ਬਹੁਤ ਨੇੜੇ ਹੈ, ਅਤੇ ਅਸੀਂ ਉਸ ਉਠਾਏ ਜਾਣ ਵਾਲੇ ਵਿਸ਼ਵਾਸ ਨੂੰ ਉਡੀਕ ਰਹੇ ਹਾਂ ਕਿ ਉਹ ਆਵੇ, ਜੋ ਸਾਰੀ ਕਲੀਸਿਯਾ ਨੂੰ ਇਕੱਠਾ ਖਿੱਚ ਸਕਦਾ ਹੈ, ਅਤੇ ਇਸ ਨੂੰ ਕੋਈ ਅਲੌਕਿਕ ਸ਼ਕਤੀ ਨਾਲ ਭਰ ਸਕਦਾ ਹੈ ਜੋ ਇਨ੍ਹਾਂ ਸਰੀਰਾਂ ਨੂੰ ਜਿਨ੍ਹਾਂ ਵਿੱਚ ਅਸੀਂ ਰਹਿ ਰਹੇ ਹਾਂ ਬਦਲ ਸਕਦਾ ਹੈ** (ਫ਼ਿਲਿੱਪੀਆਂ **3:20–21**)। ਅਸੀਂ ਉਸ ਪ੍ਰਮੇਸ਼ੁਰ ਨੂੰ ਦੇਖਦੇ ਹਾਂ ਜੋ ਮੁਰਦਿਆਂ ਨੂੰ ਧਰਤੀ ਵਿੱਚੋਂ ਜਾਂ ਕਬਰਾਂ ਵਿੱਚੋਂ ਬਾਹਰ ਲਿਆ ਸਕਦਾ ਹੈ ਅਤੇ ਉਨ੍ਹਾਂ ਨੂੰ ਦੁਬਾਰਾ ਜੀਉਂਦੇ ਕਰ ਕੇ ਸਾਡੇ ਸਾਹਮਣੇ ਪੇਸ਼ ਕਰ ਸਕਦਾ ਹੈ। ਜਦੋਂ ਅਸੀਂ ਉਸ ਪ੍ਰਮੇਸ਼ੁਰ ਨੂੰ ਵੇਖਦੇ ਹਾਂ ਜੋ ਉਸ ਕੈਂਸਰ ਨੂੰ ਖਤਮ ਕਰ ਸਕਦਾ ਹੈ ਜਿਸਨੇ ਇੱਕ ਮਨੁੱਖ ਨੂੰ ਪੂਰੀ ਤਰ੍ਹਾਂ ਖਾ ਲਿਆ ਸੀ, ਅਤੇ ਉਸ ਆਦਮੀ ਨੂੰ ਇੱਕ ਸਿਹਤਮੰਦ ਮਨੁੱਖ ਖੜ੍ਹਾ ਕਰ ਸਕਦਾ ਹੈ, **ਇਸ ਦੇ ਨਾਲ ਲੋਕਾਂ ਨੂੰ ਉਠਾਏ ਜਾਣ ਵਾਲਾ ਵਿਸ਼ਵਾਸ ਮਿਲਣਾ ਚਾਹੀਦਾ ਹੈ**। ਅਤੇ ਜਦੋਂ ਉਹ ਰੋਸ਼ਨੀ ਅਕਾਸ਼ ਤੋਂ ਚਮਕਦੀ ਹੈ, ਅਤੇ ਤੁਰ੍ਹੀ ਫੂਕੀ ਜਾਂਦੀ ਹੈ, ਅਤੇ **ਮਸੀਹ ਦੀ ਦੇਹ ਇੱਕਦੱਮ ਇਕੱਠੀ ਕਰ ਲਈ ਜਾਵੇਗੀ**, ਅਤੇ ਇੱਕ ਪਲ ਵਿੱਚ ਤਬਦੀਲ ਹੋ ਜਾਏਗੀ, ਅਤੇ ਸੁਰਗ ਤੇ ਉਠਾ ਲਈ ਜਾਏਗੀ। [7]

ਅਤੇ ਪੈਂਟੀਕਾਸਟਲ ਯੁੱਗ ਦੇ ਅੰਤ ਵਿੱਚ, ਪ੍ਰਮੇਸ਼ੁਰ ਦੇ ਵਚਨ ਅਨੁਸਾਰ **ਸਾਨੂੰ ਇੱਕ ਦੂਤ ਮਿਲਣਾ ਹੈ**, ਜਿਵੇਂ ਕਿ ਅੱਜ ਰਾਤ ਪ੍ਰਮੇਸ਼ੁਰ ਸਾਡੀ ਮੱਦਦ ਕਰੇ ਕਿ ਮੈਂ ਤੁਹਾਨੂੰ ਇੱਥੇ ਇਹ ਵਿਖਾਵਾਂ ਕਿ ਸਾਨੂੰ ਇੱਕ ਦੂਤ ਮਿਲੇਗਾ **ਜੋ ਸਵਰਗ ਵਿੱਚ ਉਠਾਈ ਜਾਣ ਵਾਲੀ ਕਲੀਸਿਯਾ ਲਈ ਬਿਗੜੀਆਂ ਹੋਈਆਂ ਗੱਲਾਂ ਦਾ ਸੁਧਾਰ ਕਰੇਗਾ, ਅਤੇ ਪ੍ਰਮੇਸ਼ੁਰ ਦੇ ਸੰਪੂਰਨ ਗੁਪਤ ਭੇਤਾਂ ਨੂੰ ਪ੍ਰਗਟ ਕਰੇਗਾ**। ਅਤੇ ਤਦ ਭੇਦ ਭਰੀਆਂ ਗਰਜ਼ਾਂ ਆ ਰਹੀਆਂ ਹਨ ਜੋ ਕਿ ਲਿਖੀਆਂ ਹੋਈਆਂ ਵੀ ਨਹੀਂ ਹਨ। ਇਹ ਠੀਕ ਹੈ। **ਅਤੇ ਮੈਂ ਵਿਸ਼ਵਾਸ ਕਰਦਾ ਹਾਂ ਕਿ ਅੰਤ ਦੇ ਦਿਨਾਂ ਵਿੱਚ ਉਨ੍ਹਾਂ ਸੱਤ ਗਰਜ਼ਾਂ ਦਾ ਭੇਤ ਪ੍ਰਗਟ ਹੋਣਾ ਹੈ ਤਾਂ ਕਿ ਦੁਲਹਨ ਉਠਾਏ ਜਾਣ ਵਾਲੇ ਵਿਸ਼ਵਾਸ ਲਈ ਤਿਆਰ ਹੋ ਸਕੇ**। ਕਿਉਂਕਿ ਜੋ ਵਿਸ਼ਵਾਸ ਹੁਣ ਸਾਡੇ ਕੋਲ ਹੈ ਇਸ ਦੇ ਨਾਲ ਅਸੀਂ ਇਸ ਦੇ ਯੋਗ ਨਹੀਂ ਹੋ ਸਕਦੇ ਹਾਂ। ਕਿਧਰੇ ਕੁਝ ਹੈ ਜੋ ਅੱਗੇ ਵਧਣ ਲਈ ਸਾਡੇ ਕੋਲ ਹੋਣਾ ਚਾਹੀਦਾ ਹੈ; ਸਾਡੇ ਕੋਲ ਤਾਂ ਅਜੇ ਮੁਸ਼ਕਿਲ ਨਾਲ ਏਨਾਂ ਵੀ ਵਿਸ਼ਵਾਸ ਨਹੀਂ ਕਿ ਰੱਬੀ ਚੰਗਾਈ ਪਾ ਸਕੀਏ। **ਅਸੀਂ ਇੰਨਾ ਵਿਸ਼ਵਾਸ ਪ੍ਰਾਪਤ ਕਰਨਾ ਹੈ ਕਿ**

**ਅਸੀਂ ਪਲ ਭਰ ਵਿੱਚ ਬਦਲ ਜਾਈਏ ਅਤੇ ਇਸ ਧਰਤੀ ਤੋਂ ਉੱਡ ਕੇ ਉੱਪਰ ਚਲੇ ਜਾਈਏ।** ਜੇ ਪ੍ਰਮੇਸ਼ੁਰ ਦੀ ਮਰਜ਼ੀ ਹੋਈ ਤਾਂ ਅਸੀਂ ਥੋੜ੍ਹੀ ਦੇਰ ਬਾਅਦ ਵੇਖਾਂਗੇ ਕਿ ਇਹ ਕਿੱਥੇ ਲਿਖਿਆ ਹੋਇਆ ਹੈ (1ਥੱਸਲੁਨੀਕੀਆਂ 4:13–18)।

ਪਰ ਹੁਣ ਸੋਚੋ, ਉਸਨੇ ਇਹ ਲਿਖਿਆ ਸੀ, ਪਰ ਜਦ ਉਸ ਨੇ ਗਰਜ਼ਾਂ ਦੇ ਉਨ੍ਹਾਂ ਸੱਤਾਂ ਸ਼ਬਦਾਂ ਨੂੰ ਲਿਖਣਾ ਸ਼ੁਰੂ ਕੀਤਾ, ਤਾਂ ਉਸਨੇ ਯੂਹੰਨਾ ਨੂੰ ਕਿਹਾ, "ਇਹਨਾਂ ਨੂੰ ਨਾ ਲਿਖ।" ਜੋ ਕੁਝ ਯੂਹੰਨਾ ਨੇ ਵੇਖਿਆ ਉਸਨੇ ਉਹ ਸਭ ਕੁਝ ਲਿਖਣ ਦਾ ਉਸਨੂੰ ਇਖਤਿਆਰ ਦਿੱਤਾ। ਪਰ ਜਦ ਪ੍ਰਕਾਸ਼ ਦੀ ਪੋਥੀ 10 ਬਾਬ ਵਿੱਚ ਸੱਤ ਗਰਜ਼ਾਂ ਹੋਈਆਂ ਤਾਂ ਉਸਨੇ ਯੂਹੰਨਾ ਨੂੰ ਆਖਿਆ, "**ਇਹਨਾਂ ਨੂੰ ਬਿਲਕੁਲ ਨਾ ਲਿਖ।**" (ਪ੍ਰਕਾਸ਼ ਦੀ ਪੋਥੀ 10:1–7)। **ਉਹ ਭੇਦ ਹਨ।** **ਅਸੀਂ ਹਾਲੇ ਤੱਕ ਨਹੀਂ ਜਾਣਦੇ ਕਿ ਉਹ ਕੀ ਹਨ। ਪਰ ਮੇਰਾ ਵਿਚਾਰ ਹੈ ਕਿ ਉਹ ਜਲਦੀ ਪ੍ਰਗਟ ਹੋ ਜਾਣਗੇ। ਅਤੇ ਜਦ ਅਜਿਹਾ ਹੋਵੇਗਾ, ਤਾਂ ਇਹ ਸਵਰਗ ਤੇ ਉਠਾਏ ਜਾਣ ਵਾਲੇ ਵਿਸ਼ਵਾਸ ਲਈ ਕਿਰਪਾ ਦੇਵੇਗਾ, ਕਿ ਕਲੀਸਿਯਾ ਚਲੀ ਜਾਵੇ।** ਅਸੀਂ ਉਹਨਾਂ ਸੱਭ ਚੀਜ਼ਾਂ ਦਾ, ਜਿਹਨਾਂ ਨੂੰ ਅਸੀਂ ਜਾਣਦੇ ਹਾਂ, ਸਾਰਿਆਂ ਸਮਿਆਂ ਤੇ ਯੁੱਗਾਂ ਥਾਣੀ ਲੰਘਦੇ ਹੋਏ ਅਧਿਐਨ ਕਰ ਚੁੱਕੇ ਹਾਂ। ਅਸੀਂ ਸੱਭ ਚੀਜ਼ਾਂ ਨੂੰ ਪਰਖ ਕੇ ਵੇਖ ਚੁੱਕੇ ਹਾਂ। **ਅਸੀਂ ਪ੍ਰਮੇਸ਼ੁਰ ਦੇ ਭੇਤਾਂ ਨੂੰ ਵੇਖਿਆ ਹੈ।** ਅਸੀਂ ਅੰਤ ਦੇ ਦਿਨਾਂ ਵਿੱਚ ਲਾੜੀ ਦੇ ਮਹਾਨ ਇਕੱਠ ਨੂੰ ਪ੍ਰਗਟ ਹੁੰਦੇ ਵੇਖਿਆ ਹੈ। ਪਰ ਤਦ ਵੀ, ਇਹ ਪੋਥੀ ਵਿੱਚ ਹਾਲੇ ਵੀ ਕੁਝ ਅਜਿਹੀਆਂ ਗੱਲਾਂ ਹਨ ਜਿਹਨਾਂ ਨੂੰ ਅਸੀਂ ਹਲਕੇ ਤੌਰ ਤੇ ਨਹੀਂ ਲੈ ਸਕਦੇ ਹਾਂ। ਇਸ ਵਿੱਚ ਹਾਲੇ ਕੁਝ ਹੋਰ ਵੀ ਹੈ। ਪ੍ਰੰਤੂ ਮੈਂ ਕਲਪਨਾ ਕਰਦਾ ਹਾਂ ਕਿ ਜਦ ਯੂਹੰਨਾ ਦੇ ਅੱਗੇ ਭੇਤ ਖੁੱਲ੍ਹਣੇ ਸ਼ੁਰੂ ਹੋਏ, ਤਾਂ ਪ੍ਰਮੇਸ਼ੁਰ ਨੇ ਉਸ ਨੂੰ ਆਖਿਆ, "ਹੁਣ ਤੂੰ ਇਹਨਾਂ ਨੂੰ ਆਪਣੇ ਤੱਕ ਹੀ ਰੱਖ। ਥੋੜ੍ਹੀ ਦੇਰ ਇੰਤਜ਼ਾਰ ਕਰ। ਮੈਂ ਇਹਨਾਂ ਨੂੰ ਉਸ ਦਿਨ ਪ੍ਰਗਟ ਕਰਾਂਗਾ। ਯੂਹੰਨਾ ਤੂੰ ਇਹਨਾਂ ਨੂੰ ਬਿਲਕੁਲ ਨਾ ਲਿਖ, ਕਿਉਂਕਿ ਉਹ ਇਸ ਤੋਂ ਠੋਕਰ ਖਾ ਜਾਣਗੇ। ਬਸ ਇਸ ਨੂੰ ਇਸੇ ਤਰ੍ਹਾਂ ਹੀ ਰਹਿਣ ਦੇ। **ਪਰ ਮੈਂ ਇਸ ਨੂੰ ਉਸ ਦਿਨ ਪ੍ਰਗਟ ਕਰਾਂਗਾ ਜਿਸ ਦਿਨ ਇਸ ਨੂੰ ਪ੍ਰਗਟ ਕਰਨ ਦੀ ਲੋੜ ਹੋਵੇਗੀ।**" (ਪ੍ਰਕਾਸ਼ ਦੀ ਪੋਥੀ 10:4–7)। [8]

ਅਤੇ ਪਿਤਾ, ਬਹੁਤ ਸਾਰੀਆਂ ਚੀਜ਼ਾਂ ਹੁਣੇ ਇੱਥੇ ਕਹੀਆਂ ਜਾ ਸਕਦੀਆਂ ਹਨ; ਹੋ ਸਕਦਾ ਹੈ ਕਿ ਕਲੀਸਿਯਾ ਨਾ ਸਮਝੇ। ਪਰ ਮੈਂ ਪ੍ਰਾਰਥਨਾ ਕਰਦਾ ਹਾਂ ਤੂੰ ਉਨ੍ਹਾਂ ਨੂੰ ਇਸ ਲਈ ਅਜਿਹੀ ਭੁੱਖ ਦੇਵੇਂਗਾ ਕਿ, ਪ੍ਰਭੂ, ਉਹ ਆਉਣਗੇ ਅਤੇ ਵੇਖਣਗੇ ਕਿ ਅਸੀਂ ਅੰਤ ਸਮੇਂ ਵਿੱਚ ਹਾਂ, ਪੁਲਾੜ ਯਾਤਰੀਆਂ ਦੇ ਯੁੱਗ ਵਿੱਚ ਹਾਂ। **ਮੈਂ ਪ੍ਰਾਰਥਨਾ ਕਰਦਾ ਹਾਂ, ਪਿਤਾ, ਕਿ ਉਹਨਾਂ ਨੂੰ ਅਹਿਸਾਸ ਹੋਵੇ ਕਿ ਉਹਨਾਂ ਕੋਲ ਜੋ ਹੈ ਇਹ ਉਸ ਦੀ ਨਿੰਦਾ ਕਰਨ ਦੀ ਕੋਸ਼ਿਸ਼ ਨਹੀਂ ਕਰ ਰਿਹਾ; ਇਹ ਤਾਂ ਉਹਨਾਂ ਨੂੰ ਉਠਾਏ ਜਾਣ ਦੀ ਹੋਰ ਕਿਰਪਾ ਦੇਣ ਦੀ ਕੋਸ਼ਿਸ਼ ਕਰ ਰਿਹਾ ਹੈ।** ਕਿਉਂਕਿ ਸਮਾਂ ਆਵੇਗਾ ਜਦ ਸਾਨੂੰ **ਉਠਾਏ ਜਾਣ ਦੀ ਸਾਮਰਥ ਚਾਹੀਦੀ ਹੋਵੇਗੀ, ਨਾ ਸਿਰਫ ਸਰੀਰ ਨੂੰ ਚੰਗਿਆ ਕਰਨ ਲਈ ਬਲਕਿ ਪਲ ਭਰ ਵਿੱਚ, ਅੱਖ ਦੀ ਝਪਕ ਨਾਲ ਇਸ ਨੂੰ ਤਬਦੀਲ ਕਰਨ ਲਈ।** ਮਸੀਹ ਉਹਨਾਂ ਦੀਆਂ ਦੇਹੀਆਂ ਵਿੱਚ ਇੰਨਾ ਵਾਸਤਵਿਕ ਹੋਵੇਗਾ (ਕੁੱਲਸੀਆਂ 1:24–29), **ਜਦੋਂ ਤਕ ਕਿ ਉਹ ਇਸਨੂੰ ਆਪਣੀ ਮਹਾਨ ਮੌਤ ਨਾਲ ਜੋ ਉਸ ਨੇ ਖਰੀਦਿਆ ਹੈ, ਨੂੰ ਬਦਲ ਨਹੀਂ ਦਿੰਦਾ।** ਹੋਣ ਦੇ ਕਿ ਉਹ ਅੱਜ ਇਹ ਲੈ ਲੈਣ, ਉਹ ਚਿੰਨ੍ਹ ਜਿਸ ਦੇ ਬਾਰੇ ਮੈਂ ਕੱਲ੍ਹ ਰਾਤ ਬੋਲਿਆ ਸੀ, ਇਸਨੂੰ ਉਹਨਾਂ ਦੇ ਸਨਮੁੱਖ ਫੜ੍ਹ ਅਤੇ ਉਹ ਇਸ ਪੁਲਾੜ ਯਾਨ ਵਿੱਚ ਚੱਲਣ (ਇਹ ਬਖਸ਼ ਦੇ ਪਿਤਾ), **ਜਿੱਥੇ ਦਰਸ਼ਣ, ਸਾਮਰਥ ਅਤੇ ਸੰਸਾਰ ਜਾਣਕਾਰੀ ਤੋਂ ਵੀ ਪਰੇ ਹਨ, ਅਤੇ ਹੇ ਪ੍ਰਭੂ, ਜਿੱਥੇ ਪ੍ਰਮੇਸ਼ੁਰ ਦੇ ਉਹ ਸਾਰੇ ਮਹਾਨ ਭੇਤ ਉਹਨਾਂ ਸੱਤਾਂ ਮੋਹਰਾਂ ਵਿੱਚ ਖੁੱਲ੍ਹੇ ਹੋਏ ਹਨ ਅਤੇ ਮਨੁੱਖਾਂ ਨੂੰ ਉਹਨਾਂ ਤੋਂ ਜਾਣੂ ਕਰਵਾਇਆ ਗਿਆ ਹੈ।** ਇਹ ਬਖਸ਼ ਦੇ, ਪਿਤਾ। [9]

**ਇਹ ਇੰਨਾ ਪਵਿੱਤਰ ਹੈ ਕਿ ਮੈਨੂੰ ਇਸਦੇ ਬਾਰੇ ਹੋਰ ਕੁਝ ਜਿਆਦਾ ਨਹੀਂ ਕਹਿਣਾ ਚਾਹੀਦਾ,** ਜਿਵੇਂ ਕਿ ਉਸਨੇ ਮੈਨੂੰ ਸ਼ੁਰੂਆਤ ਵਿੱਚ ਕਿਹਾ ਸੀ। ਕਿਹਾ ਕਿ, "ਇਸਦੇ ਬਾਰੇ ਵਿੱਚ ਕੁਝ ਨਾ ਕਹਿ।" ਤੁਹਾਨੂੰ ਯਾਦ ਹੈ ਕੁਝ ਸਾਲ ਪਹਿਲਾਂ? **ਇਹ ਆਪਣੇ ਆਪ ਲਈ ਬੋਲਦਾ ਹੈ।** ਮੈਂ ਦੂਸਰਿਆਂ ਨੂੰ ਦੱਸਣ ਦੀ ਕੋਸ਼ਿਸ਼ ਕੀਤੀ ਸੀ, ਅਤੇ ਮੈਂ ਗਲਤੀ ਕੀਤੀ। **ਇਹ ਉਹ ਚੀਜ਼ ਹੋਵੇਗੀ ਕਿ ਮੇਰੇ ਵਿਚਾਰ ਦੇ ਅਨੁਸਾਰ** (ਮੈਂ ਇਹ ਨਹੀਂ ਕਹਿੰਦਾ ਕਿ ਪ੍ਰਭੂ ਨੇ ਮੈਨੂੰ ਇਹ ਕਿਹਾ ਹੈ।)–**ਇਹ ਉਹ ਚੀਜ਼ ਹੋਵੇਗੀ ਜੋ ਉਠਾਏ ਜਾਣ ਲਈ ਉਠਾਏ ਜਾਣ ਵਾਲੇ ਵਿਸ਼ਵਾਸ ਨੂੰ ਸ਼ੁਰੂ ਕਰੇਗੀ।** ਹੁਣ, ਅਤੇ ਉਹ... ਮੈਨੂੰ ਥੋੜ੍ਹੀ ਦੇਰ ਲਈ ਸ਼ਾਂਤ ਰਹਿਣਾ ਚਾਹੀਦਾ ਹੈ। [10]

ਉਸ ਦਿਨ ਹੈਟੀ ਰਾਈਟ ਨੇ ਕੁਝ ਵੀ ਨਹੀਂ ਮੰਗਿਆ ਸੀ। ਉਹ ਤਾਂ ਬਸ ਉੱਥੇ ਬੈਠੀ ਹੋਈ ਸੀ, **ਪਰ ਉਸ ਨੇ ਠੀਕ ਚੀਜ਼ ਮੰਗੀ ਸੀ ਜਿਸਨੇ ਪਵਿੱਤਰ ਆਤਮਾ ਨੂੰ ਪ੍ਰਸੰਨ ਕੀਤਾ ਸੀ ਅਤੇ ਪਵਿੱਤਰ ਆਤਮਾ ਨੇ ਜਵਾਬ ਵਿੱਚ ਕਿਹਾ,** "ਹੈਟੀ, ਤੂੰ ਜੋ ਕੁਝ ਵੀ ਮੰਗੇਗੀ ਤੈਨੂੰ ਮਿਲ ਜਾਵੇਗਾ, ਜੋ ਕੁਝ ਵੀ ਤੇਰੇ ਕੋਲ ਹੈ ਅਤੇ ਜੋ ਕੁਝ ਵੀ ਤੂੰ ਚਾਹੁੰਦੀ ਹੈ ਕਿ ਤੈਨੂੰ ਮਿਲੇ, ਤੂੰ ਉਹ ਮੰਗ ਲੈ। ਵੇਖ ਕਿ ਇਹ ਸੱਚ ਹੈ ਜਾਂ ਨਹੀਂ, ਕੁਝ ਵੀ ਮੰਗ ਲੈ (ਆਪਣੀ ਉਸ ਭੈਣ ਦੀ ਚੰਗਾਈ ਮੰਗ ਲੈ ਜੋ ਸਾਰੇ ਸਮੇਂ ਤੋਂ ਅਪੰਗ ਹੈ, ਦਸ ਹਜ਼ਾਰ ਡਾਲਰ ਮੰਗ ਲੈ ਤਾਂ ਕਿ ਤੈਨੂੰ ਉੱਥੇ ਪਹਾੜਾਂ ਵਿੱਚ ਖੁਦਾਈ ਕਰਨ ਨਾ ਜਾਣਾ ਪਵੇ, ਤੇਰੀ ਭੈਣ ਨੂੰ ਉਸ ਦੀ ਸਿਹਤ ਵਾਪਸ ਮਿਲ ਜਾਵੇ) ਜੋ ਕੁਝ ਵੀ ਤੂੰ ਮੰਗਣਾ ਚਾਹੁੰਦੀ ਹੈ, ਹੁਣੇ ਹੀ ਮੰਗ ਲੈ। ਜੇ ਇਹ ਨਹੀਂ ਹੁੰਦਾ ਹੈ ਅਤੇ ਤੈਨੂੰ ਇਹ ਹੁਣੇ ਹੀ ਨਹੀਂ ਦਿੱਤਾ ਜਾਂਦਾ ਤਾਂ ਮੈਂ ਇੱਕ ਝੂਠਾ ਨਬੀ ਹਾਂ।" ਇਹ ਕੁਝ ਸੀ, ਕੀ ਇਹ ਨਹੀਂ ਸੀ?

**ਯਿਸੂ ਨੇ ਕਿਹਾ ਸੀ, "ਇਸ ਪਹਾੜ ਨੂੰ ਕਹੋ...**"(ਮਰਕੁਸ 11:22–26)। ਅਤੇ ਤੁਸੀਂ ਉਸ ਦੇ ਬਾਰੇ ਵਿੱਚ ਸੁਣ ਚੁੱਕੇ ਹੋ ਜੋ ਉੱਥੇ ਵਾਪਰਿਆ ਸੀ, ਇਹੀ ਉਹ ਸੇਵਕਾਈ ਹੈ ਜਿਹਦੇ ਵਿੱਚ ਅਸੀਂ ਦਾਖਲ ਹੋ ਰਹੇ ਹਾਂ। **ਹੁਣ ਅਸੀਂ ਰਾਹ ਤੇ ਹਾਂ। ਛੇਤੀ ਹੀ ਪ੍ਰਭੂ ਯਿਸੂ ਦੀ ਆਮਦ ਹੈ ਅਤੇ ਪ੍ਰਮੇਸ਼ੁਰ ਦੀ ਕਲੀਸਿਯਾ ਵਿੱਚ ਸੁਰਗ ਤੇ ਉਠਾਏ ਜਾਣ ਵਾਲਾ ਵਿਸ਼ਵਾਸ ਹੋਣਾ ਹੈ ਤਾਂ ਕਿ ਅਸੀਂ ਪਲ ਭਰ ਵਿੱਚ, ਅੱਖ ਦੀ ਝਪਕ ਦੇ ਨਾਲ ਹੀ ਬਦਲ ਜਾਈਏ ਤੇ ਇੱਥੋਂ ਚਲੇ ਜਾਈਏ, ਨਹੀਂ ਤਾਂ ਅਸੀਂ ਨਹੀਂ ਜਾਵਾਂਗੇ। ਪਰ ਫਿਕਰ ਨਾ ਕਰੋ ਇਹ ਹੋਵੇਗਾ। ਇਹ ਹੋਵੇਗਾ।** ਅਤੇ ਜਦ ਇਸ ਕਲੀਸਿਯਾ ਦੀ ਸਾਮਰਥ ਵੱਧ ਜਾਂਦੀ ਹੈ ਤਾਂ ਇਹ ਆਪਣੇ ਭਰਾਵਾਂ ਨੂੰ ਲਿਆਵੇਗੀ; ਜਦੋਂ ਉਸ ਕਲੀਸਿਯਾ ਦੀ ਸਾਮਰਥ ਵੱਧਦੀ ਹੈ ਤਾਂ ਇਹ ਆਪਣੇ ਭਰਾਵਾਂ ਨੂੰ ਲਿਆਵੇਗੀ; ਓਸ ਕਲੀਸਿਯਾ ਦੀ ਸਾਮਰਥ ਦੂਸਰੇ ਭਰਾਵਾਂ ਨੂੰ ਲਿਆਵੇਗੀ; ਤਦ ਇੱਕ ਆਮ ਕਿਆਮਤ ਹੋਵੇਗੀ (ਪ੍ਰਕਾਸ਼ ਦੀ ਪੋਥੀ 20:6)। ਅਸੀਂ ਉਹਦੀ ਉਡੀਕ ਕਰ ਰਹੇ ਹਾਂ। [11]

ਇਹ ਪਵਿੱਤਰ ਆਤਮਾ ਹੈ ਜਿਸਦੇ ਰਾਹੀਂ ਅਸੀਂ ਧਰਮੀ ਠਹਿਰਾਏ ਜਾਂਦੇ ਹਾਂ। ਤੁਸੀਂ ਸੇਵਕ ਇਹ ਜਾਣਦੇ ਹੋ, ਕੀ ਤੁਸੀਂ ਨਹੀਂ ਜਾਣਦੇ? **ਪਵਿੱਤਰ ਆਤਮਾ ਸ਼ੁੱਧ ਕਰਦਾ ਹੈ। ਪਵਿੱਤਰ ਆਤਮਾ ਸਾਨੂੰ ਭਰਦਾ ਹੈ। ਪਵਿੱਤਰ ਆਤਮਾ ਸਾਨੂੰ ਉਠਾਏ ਜਾਣ ਦਾ ਵਿਸ਼ਵਾਸ ਦਿੰਦਾ ਹੈ, ਵੇਖੋ, ਜਿਵੇਂ ਅਸੀਂ ਅੱਗੇ ਵੱਧਦੇ ਹਾਂ।** [9]


ਹਵਾਲੇ:

[1] ਤਿੰਨ ਕਿਸਮ ਦੇ ਵਿਸ਼ਵਾਸੀ ( 63–1124E) ਸਫਾ 15

[2] ਇਸਰਾਏਲ ਅਤੇ ਕਲੀਸਿਯਾ, ਭਾਗ 4 (53–0328) ਪੈਰ੍ਹਾ 29

[3] ਸੰਸਾਰ ਟੁੱਟ ਰਿਹਾ ਹੈ ( 63–1115) ਪੈਰ੍ਹਾ 193

[4] ਉਤਪਤ 'ਤੇ ਪ੍ਰਸ਼ਨ ਅਤੇ ਉੱਤਰ ( 53–0729) COD ਸਫਾ 53 ਪੈਰ੍ਹਾ 260

[5] ਰੁੱਤ ਮੁਤਾਬਿਕ ਰੂਹਾਨੀ ਭੋਜਨ (65–0718E) ਪੈਰ੍ਹਾ 3

[6] ਇਬਰਾਨੀਆਂ 6 ਬਾਬ, ਭਾਗ 2 ( 57–0908E) ਪੈਰ੍ਹਾ 503

[7] ਦੁਹਾਈ ਕਿਉਂ ਦਿੰਦਾ ਹੈ? ਬੋਲ! ( 63–0714M) ਸਫਾ 10

[8] ਪਹਿਲੀ ਮੋਹਰ ( 63–0318) ਸਫਾ 128+142

[9] ਉਲਟੀ ਗਿਣਤੀ ( 64–0209) ਪੈਰ੍ਹਾ 95+175

[10] ਯਿਸੂ ਵੱਲ ਵੇਖੋ ( 64–0209E) ਸਫਾ 6

[11] ਪਵਿੱਤਰ ਆਤਮਾ ਉੱਤੇ ਪ੍ਰਸ਼ਨ ਅਤੇ ਉੱਤਰ (ਸਵਾਲ–ਜਵਾਬ (59–1219) ਸਫਾ 411, ਪੈਰ੍ਹਾ 20